ਸਾਫ਼ ਕਰ ਦਿਓ, ਮੈਂ ਆਪਣੀ ਬਾਕੀ ਦੀ ਜਿੰਦਗੀ ਵਿੱਚ ਤੁਹਾਡੀ ਸੇਵਾ ਕਰਨੀ ਚਾਹੁੰਦਾ ਹਾਂ।" ਜੇ ਇਹ ਪਰ੍ਾਥਨਾ ਤੁਸੀ ਟੁੱਟੇ ਅਤੇ ਇਮਾਨਦਾਰ ਦਿਲ ਨਾਲ ਕਰੋਗੇ ਤਾਂ ਬਦਲਾਅ ਜ਼ਰੂਰ ਆਵੇਗਾ। ਤੁਸੀ ਸੱਚੀ ਖੁਸ਼ੀ, ਸ਼ਾਤੀ ,ਆਨੰਦ ,ਬਦਲਾਅ ਨਾਲ ਭਰ ਜਾਓਗੇ। ਨਵਾਂ ਜਨਮ ਪਾਉਣ ਨਾਲ ਤੁਹਾਡਾ ਨਾਮ ਸਵਰਗ ਵਿੱਚ ਲਿਖਿਆ ਜਾਵੇਗਾ ਅਤੇ ਸਦੀਵੀ ਜੀਵਨ ਜਿਉਣ ਦੀ ਆਸ ਤੁਹਾਡੇ ਕੋਲ ਹੋਵੇਗੀ।

ਕਿ ਤੁਸੀ ਪਰ੍ਭੂ ਕੋਲ ਇਹ ਪਰ੍ਾਥਨਾ ਕਰਨੀ ਚਾਹੋਗੇ ? ਜੇ ਅੱਜ ਤੁਸੀ ਪਰ੍ਭੂ ਦੀ ਆਵਾਜ ਨੂੰ ਸੁਣੋ ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ ( ਜਬੂਰ 95: 7-8) ਆਪਣੇ ਦਿਲ ਵਿਚ ਪਰ੍ਭੂ ਯਿਸੂ ਨੂੰ ਬੁਲਾਓ ਅਤੇ ਪਾਪ ਤੋਂ ਮੁਆਫੀ ਪਾਓ।

**APOSTOLIC FAITH CHURCH**
World Headquarters
5414 SE Duke Street
Portland, Oregon 97206 U.S.A.
www.apostolicfaith.org

PJ030-0721

# ਨਵਾਂ ਜਨਮ

ਕੀ ਤੁਸੀ ਮਸੀਹੀ ਹੋ ? ਇਹ ਜਾਨਣਾ ਬਹੁਤ ਜਰੂਰੀ ਹੈ। ਚਰਚ ਜਾਣਾਂ ,ਉਸ ਦਾ ਹਿੱਸਾ ਹੋਣਾ ਇਕ ਚੰਗੀ ਗੱਲ ਹੈ ਅਤੇ ਚੰਗੇ ਕੰਮ ਕਰਨਾ, ਭਲਾਈ ਕਰਨਾ ਵੀ ਪ੍ਰਸੰਸਾ ਯੋਗ ਹਨ। ਪਰ ਆਤਮਾ ਦੀ ਖੋਜ ਵਾਲਾ ਸਵਾਲ ਅਜੇ ਵੀ ਬਾਕੀ ਹੈ: ਕੀ ਤੁਸੀਂ ਸੱਚਮੁੱਚ ਇਕ ਜਨਮ-ਪਾਤੀ ਮਸੀਹੀ ਹੋ? ਪ੍ਰਭੂ ਯਿਸੂ ਨੇ ਕਿਹਾ, "ਜਦ ਤੱਕ ਮਨੁੱਖ ਦੁਬਾਰਾ ਨਵਾਂ ਜਨਮ ਨਹੀਂ ਲੈਂਦਾ, ਉਹ ਪਰਮੇਸ਼ਰ ਦੇ ਰਾਜ ਨੂੰ ਨਹੀਂ ਵੇਖ ਸਕਦਾ।" (ਯੂਹੰਨਾ 3: 3)

ਨਵਾਂ ਜਨਮ ਲੈਣ ਵਾਲਾ ਮਸੀਹੀ ਉਹ ਹੁੰਦਾ ਹੈ ਜੋ ਕਿ ਪੂਰੀ ਤਰ੍ਹਾਂ ਨਾਲ ਆਪਣੇ-ਆਪ ਨੂੰ ਪ੍ਰਭੂ ਅੱਗੇ ਸਮਰਪਿਤ ਕਰ ਦਿੰਦਾ ਹੈ। ਇਹ ਸਦੀਵੀ ਜੀਵਨ ਲਈ ਬਹੁਤ ਜ਼ਰੂਰੀ ਹੈ। ਜਦੋਂ ਪ੍ਰਭੂ ਯਿਸੂ ਨੇ ਨਿਕੋਦੇਮੁਸ ਨੂੰ ਆਖਿਆ ਕਿ ਤੈਨੂੰ ਨਵੇਂ ਸਿਰਿਓਂ ਜਨਮ ਲੈਣਾ ਜਰੂਰੀ ਹੈ ਤਾਂ ਇਹ ਗੱਲ ਨਿਕੁਦੇਮੁਸ ਨੂੰ ਸਮਝ ਨਹੀਂ ਆਈ ਅਤੇ ਪ੍ਰਭੂ ਯਿਸੂ ਨੇ ਹਵਾ ਦੀ ਉਦਾਹਰਣ ਦੇ ਕੇ ਨਿ-ਕੋਦੇਮੁਸ ਨੂੰ ਸਮਝਾਇਆ ਕਿ ਅਸੀਂ ਨਹੀਂ ਜਾਣਦੇ ਕਿ ਹਵਾ ਕਿਉਂ ਅਤੇ ਕਿਵੇਂ ਚੱਲਦੀ ਹੈ ਪਰ ਅਸੀਂ ਜਾਣਦੇ ਹਾਂ ਕਿ ਇਹ ਚੱਲਦੀ ਹੈ ਅਤੇ ਅਸੀਂ ਇਸ ਦੇ ਅਸਰ ਨੂੰ ਵੇਖਦੇ ਹਾਂ। ਇਸੇ ਤਰ੍ਹਾਂ ਜਦੋਂ ਕਿਸੇ ਵਿਅਕਤੀ ਦਾ ਨਵਾਂ ਜਨਮ ਹੁੰਦਾ ਹੈ ਤਾਂ ਅਸੀਂ ਇਹ ਨਹੀਂ ਸਮਝ ਸਕਦੇ ਕਿ ਇਹ ਕਿਵੇਂ ਹੁੰਦਾ ਹੈ ਪਰ ਅਸੀਂ ਇਸ ਦੇ ਨਤੀਜੇ ਵੇਖ ਅਤੇ ਸਹਿਸੂਸ ਕਰ ਸਕਦੇ ਹਾਂ।

ਬਹੁਤ ਸਾਰੇ ਲੋਕ ਜੋ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਪਰ ਇਸ ਨਵੇਂ ਜਨਮ ਤੋਂ ਅਣਜਾਣ ਹਨ ਜਦਕਿ ਕਈ ਲੋਕ ਇਸ ਨੂੰ ਆਪਣੇ ਹੀ ਢੰਗ ਨਾਲ ਮਸੀਹੀ ਹੋਣਾ ਮੰਨਦੇ ਹਨ। ਨਵਾਂ ਜਨਮ ਕਿਸੇ ਚੰਗੇ ਕੰਮਾਂ ਦੁਆਰਾ, ਕਿਸੇ ਧਾਰਮਿਕ ਸੰਗਠਨ ਨਾਲ ਜੁੜ ਕੇ ਜਾਂ ਫਿਰ ਆਪਣੀ ਕਿਸੇ ਹੋਰ ਵਿਚਾਰਧਾਰਾ ਨਾਲ ਨਹੀ ਪਾਇਆ ਜਾ ਸਕਦਾ। ਨਵਾਂ ਜਨਮ ਪਾਉਣ ਲਈ ਤੁਹਾਨੂੰ ਪਛਤਾਵੇ ਨਾਲ ਭਰਿਆ ਦਿਲ, ਆਪਣੇ ਪਾਪ ਅਤੇ ਅਪਰਾਧ ਮੰਨਣ ਲਈ ਤਿਆਰ ਅਤੇ ਸਾਰੇ ਪਾਪਾਂ ਤੋਂ ਸਦਾ ਲਈ ਦੂਰ ਹੋਣਾ ਪਵੇਗਾ ਤਾਂ ਹੀ ਤੁਸੀ ਨਵਾਂ ਜਨਮ ਪਾ ਸਕਦੇ ਹੋ। ਪਰ੍ਭੂ ਯਿਸੂ ਨੇ ਵਾਅਦਾ ਵੀ ਕੀਤਾ ਹੈ ਨਵਾਂ ਜਨਮ ਦੇਣ ਲਈ ਇਕ ਛੋਟੀ ਪਰ੍ਾਥਨਾ ਜੋ ਕਿ ਵਿਸਵਾਸ਼ ਨਾਲ ਕੀਤੀ ਗਈ ਹੋਵੇ ਨਵਾਂ ਜੀਵਨ ਦੇ ਸਕਦੀ ਹੈ। ਇਹ ਪਰ੍ਾਥਨਾ ਕਰ ਕੇ ਹਰ ਵਿਅਕਤੀ ਨਵਾਂ ਜੀਵਨ ਪਾਉਣ ਬਾਰੇ ਜਾਣ ਸਕਦਾ। ਇਕ ਮਹਸੂਲ ਲੈਣ ਵਾਲੇ ਵਿਅਕਤੀ ਨੇ ਇਹ ਪਰ੍ਾਥਨਾ ਕੀਤੀ " ਹੇ ਪਰਮੇਸ਼ਰ ਮੈਂ ਪਾਪੀ ਹਾਂ ਮੇਰੇ ਉਤੇ ਦਯਾ ਕਰੋ " ਇਹ ਪਰ੍ਾਥਨਾ ਕਰ ਕੇ ਉਹ ਨਵਾਂ ਜਨਮ ਪਾਇਆ ਹੋਏ ਮਹਸੂਲ ਨਾਲ ਨਿਆਂ ਹੋਇਆ। ( ਲੂਕਾ 18:13-14 )

ਹੋ ਸਕਦਾ ਹੈ ਤੁਸੀ ਇਹ ਸੋਚਦੇ ਹੋਵੋ ਕਿ ਮੈਂ ਤਾਂ ਬਹੁਤ ਥੋੜੇ ਪਾਪ ਕੀਤੇ ਹਨ, ਕੋਈ ਵੱਡਾ ਪਾਪ ਵੀ ਨਹੀ ਕੀਤਾ, ਇਸ ਲਈ ਮੈਨੂੰ ਪਾਪ ਤੋਂ ਤੋਬਾ ਕਰਨ ਦੀ ਲੋੜ ਨਹੀ ਹੈ ,ਜਿਵੇਂ ਕਿ ਵਚਨ ਦਸਦਾ ਹੈ ਕਿ ਐਡਮ ਅਤੇ ਈਵ ਨੇ ਪਰਮੇਸ਼ਰ ਦੀ ਹਕਮ ਅਦੂਲੀ ਕਰ ਕੇ ਪਾਪ ਕੀਤਾ ਅਤੇ ਅਸੀ ਸਾਰੇ ਉਹਨਾਂ ਦੀ ਸੰਤਾਨ ਹੁੰਦੇ ਹੋਏ ਅਸੀ ਸਾਰੇ ਪਾਪੀ ਹਾਂ ,ਜਨਮ ਤੋਂ ਹੀ ਅਸੀ ਪਾਪੀ ਹਾਂ, ਸਾਨੂੰ ਅਪਣੇ ਪਾਪਾਂ ਤੋਂ ਮਾਫੀ ਮੰਗਣ ਦੀ ਲੋੜ ਹੈ, ਇਸ ਕਰਕੇ ਪਰਮੇਸ਼ਰ ਨੇ ਸਾਰੇ ਸੰਸਾਰ ਲਈ ਇਕ

ਰਸਤਾ ਬਣਾਇਆ ਹੈ ਜੋ ਕਿ ਪਰ੍ਭੂ ਯਿਸੂ ਹੈ, ਤਾਂ ਕਿ ਅਸੀ ਉਸ ਸਜ਼ਾ, ਜੋ ਕਿ ਨਰਕ ਦੀ ਅੱਗ ਹੈ, ਤੋਂ ਬੱਚ ਜਾਈਏ। ਪਰ੍ਭੂ ਯਿਸੂ ਮਸੀਹੀ ਪਰਮੇਸ਼ਰ ਦਾ ਪੁੱਤਰ ਹੈ ਜਿਸ ਤੋ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮੁਆਫ਼ੀ ਮਿਲਦੀ ਹੈ ( ਕੁਲੁਸੀਆਂ 1:14 )

ਪਰ੍ਭੂ ਯਿਸੂ ਮਸੀਹੀ ਦੀ ਸਲੀਬੀ ਮੌਤ ਕਾਰਨ ਹਰ ਇਕ ਵਿਅਕਤੀ ਨੂੰ ਉਸ ਦੇ ਪਾਪ ਤੋਂ ਮੁਆਫੀ ਮਿਲ ਸਕਦੀ ਹੈ। ਹਰ ਇਕ ਵਿਅਕਤੀ ਪਾਪ ਦੀ ਗੁਲਾਮੀ ਤੋ ਛੁੱਟ ਸਕੇ  ਅਤੇ ਆਉਣ ਵਾਲੀ ਸਜਾ ਤੋ ਬਚ ਸਕੇ ਅਤੇ ਪਰ੍ਭੂ ਯਿਸੂ ਦੇ ਦੁਆਰਾ ਪਰਮੇਸ਼ਰ ਦੀ ਸੰਤਾਨ ਬਣ ਸਕੇ। ਤੁਸੀ ਉਸ  ਲਹੂ ਦੁਆਰਾ ਜੋ ਪਰ੍ਭੂ ਯਿਸੂ ਨੇ ਸਲੀਬ ਉਤੇ ਵਹਾਅ ਦਿੱਤਾ ਹੈ, ਪਾਪਾਂ ਦੀ ਗੁਲਾਮੀ ਤੋ ਪੂਰੀ ਤਰਹ੍ਾਂ ਅਜਾਦ ਹੋ ਸਕੋਗੇ।

ਤੁਹਾਡੇ ਅਤੇ ਪਰਮੇਸ਼ਰ ਵਿਚਕਾਰ ਇਕ ਦੂਰੀ ਹੈ ਜੋ ਕਿ ਵਿਸਵਾਸ਼ ਨਾਲ ਦੂਰ ਕੀਤੀ ਜਾ ਸਕਦੀ ਹੈ। ਵਿਸਵਾਸ਼ ਦੁਆਰਾ ਹੀ ਅਸੀ ਪਰਮੇਸ਼ਰ ਨੂੰ ਖੁਸ਼ ਕਰ ਸਕਦੇ ਹਾਂ। ਇਬਰਾਨੀਆ 11:6 ਵਿੱਚ ਅਸੀ ਪੜਹ੍ਦੇ ਹਾਂ ਕਿ 'ਵਿਸਵਾਸ਼ ਬਿਨਹ੍ਾਂ ਪਰਮੇਸ਼ਰ ਦੇ ਮਨ ਨੂੰ ਭਾਉਣਾ ਅਣਹੋਣਾ ਹੈ ,ਕਿਉਕਿ ਜਿਹੜਾ ਪਰਮੇਸ਼ਰ ਵੱਲ ਆਓਦਾ ਹੈ ਉਸ ਨੂੰ ਵਿਸਵਾਸ਼ ਕਰਨਾ  ਚਾਹੀਦਾ ਹੈ ਕਿ ਪਰਮੇਸ਼ਰ ਹੈ ਅਤੇ ਜਿਹੜੇ ਪਰਮੇਸ਼ਰ ਉਤੇ ਵਿਸਵਾਸ਼ ਕਰਦੇ ਹਨ ਪਰਮੇਸ਼ਰ ਉਹਨਾਂ ਨੂੰ ਫਲ ਦਿੰਦਾ ਹੈ।' ਪਰ੍ਭੂ ਯਿਸੂ ਨੇ ਕਿਹਾ " ਪਰਮੇਸ਼ਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਉਸ ਨੇ ਆਪਣਾ ਇਕਲੋਤਾ ਪੁੱਤਰ ਯਿਸੂ ਮਸੀਹ ਸਲੀਬ ਦੇ ਉਤੇ ਸਾਰੇ ਸੰਸਾਰ  ਦੇ ਪਾਪਾਂ  ਦੇ ਬਦਲੇ  ਕੁਰਬਾਨ ਹੋਣ ਲਈ ਦੇ ਦਿਤਾ ਤਾਂ ਜੋ ਹਰ ਕੋਈ ਜਿਹੜਾ ਉਸਦੇ ਪੁੱਤਰ ਉਤੇ ਵਿਸਵਾਸ਼ ਕਰੇ, ਨਾਸ਼ ਨਾ ਹੋਵੇ ਅਤੇ ਸਦੀਵੀ ਜੀਵਨ ਪਰ੍ਾਪਤ ਕਰੇ। " (ਯੂਹੰਨਾ 3:16 ) ਤੁਸੀ ਵਿਸਵਾਸ਼ ਦੇ ਨਾਲ ਹੀ ਪਰ੍ਭੂ ਯਿਸੂ ਕੋਲੋ ਆਪਣੇ ਪਾਪਾਂ ਦੀ ਮੁਆਫੀ ਮੰਗ ਸਕਦੇ ਹੋ, ਜੋ ਤੁਹਾਨੂੰ ਜ਼ਰੂਰ ਹੀ ਪਰ੍ਾਪਤ ਹੋਵੇਗੀ।

ਮੁਆਫ਼ੀ ਲਈ ਪਹਿਲਾਂ ਤੁਹਾਨੂੰ ਆਪਣੇ-ਆਪ ਨੂੰ ਜਾਨਣ ਦੀ ਲੋੜ ਹੈ। ਬਾਈਬਲ ਅਨੁਸਾਰ " ਸਭਨਾ ਨੇ ਪਾਪ ਕੀਤੇ ਹਨ। "ਜੇ ਅਸੀ ਆਖੀਏ ਅਸੀ ਪਾਪ ਨਹੀ ਕੀਤਾ ਤਾਂ ਅਸੀ ਆਪਣੇ-ਆਪ ਨੂੰ ਧੋਖਾ ਦਿੰਦੇ ਹਾਂ, ਸੱਚਾਈ ਸਾਡੇ ਵਿਚ ਹੈ ਹੀ ਨਹੀਂ, ਪਰ ਜੇ ਅਸੀ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਪਰ੍ਭੂ ਯਿਸੂ ਵਫਾਦਾਰ ਅਤੇ ਧਰਮੀ ਹੈ ਕਿ ਸਾਨੂੰ ਸਾਡੇ ਸਾਰਿਆਂ ਪਾਪਾਂ ਲਈ ਮੁਆਫ਼ ਕਰੇ ਅਤੇ ਸਾਨੂੰ ਕੁਧਰਮ ਤੋਂ ਸਾਫ਼ ਅਤੇ ਸ਼ੁੱਧ ਕਰੇ  ( 1 ਯੂਹੰਨਾ 1:8-9 )। ਬਹੁਤ ਸਾਰੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਉਹ ਬਹੁਤ ਕਮਜ਼ੋਰ ਹਨ ਕਿ ਪਾਪ ਉਤੇ ਜਿੱਤ ਨਹੀ ਪਰ੍ਾਪਤ ਕਰ ਸਕਦੇ। ਅਜਿਹਾ ਉਹ ਆਪਣੀ ਸੋਚ ਨਾਲ ਕਹਿੰਦੇ ਹਨ ਜੋ ਕਿ ਨਾਸ਼ ਹੋ ਜਾਂਦੇ ਹਨ ਪਰ ਜਦੋ ਤੁਸੀ ਨਵਾਂ ਜਨਮ ਪਾ ਲਵੋਗੇ  ਤਾਂ ਜਿੰਦਗੀ ਹੀ ਬਦਲ ਜਾਵੇਗੀ। ਪਰ੍ਭੂ ਯਿਸੂ ਤੁਹਾਨੂੰ ਪਾਪ ਉਤੇ ਜਿੱਤ ਪਰ੍ਾਪਤ ਕਰਨ ਦੀ ਸ਼ਕਤੀ ਦੇਵੇਗਾ। ਤਦ ਤੁਸੀ ਵੀ ਪੋਲੁਸ ਰਸੂਲ ਵਾਂਗੂ ਕਹਿ ਸਕੋਗੇ "ਹੁਣ ਉਹਨਾਂ ਲਈ ਜਿਹੜੇ ਪਰ੍ਭੂ ਯਿਸੂ ਵਿਚ ਵਿਸ਼ਵਾਸ਼ ਰੱਖਦੇ ਹਨ ਅਤੇ, ਜੋ ਸਰੀਰ ਅਨੁਸਾਰ ਨਹੀ ਬਲਕਿ ਆਤਮਾ ਦੁਆਰਾ ਚਲਦੇ ਹਨ, ਉਹਨਾਂ ਲਈ ਸਜ਼ਾ ਦਾ ਹੁਕਮ ਨਹੀ ਹੈ (ਰੋਮੀਆਂ 8:1 )

ਜਦੋਂ ਤੁਸੀ ਪਾਪ ਦੀ ਮੁਆਫ਼ੀ ਮੰਗ ਲਵੋਗੇ ਤਾਂ ਪਰ੍ਭੂ ਤੁਹਾਨੂੰ ਮੁਆਫ਼ ਕਰ ਦੇਣਗੇ । ਤਦ ਪਵਿੱਤਰ ਆਤਮਾ ਤੁਹਾਡੀ ਆਤਮਾ ਨੂੰ ਇਹ ਗਵਾਹੀ ਦੇਵੇਗੀ ਕਿ ਤੁਸੀ ਪਰਮੇਸ਼ਰ ਦੇ ਬੱਚੇ ਬਣ ਗਏ ਹੋ।(  ਰੋਮੀਆ 8:16 ) ਤੁਸੀ ਜਾਣੋਗੇ ਕਿ ਤੁਹਾਨੂੰ ਮੁਆਫ਼ ਕਰ ਦਿਤਾ ਗਿਆ ਹੈ ਅਤੇ ਅਨੋਖੀ ਸ਼ਾਤੀ ,ਖੁਸ਼ੀ,ਆਨੰਦ ਅਤੇ ਪਰਮੇਸ਼ਰ ਦੇ ਪਿਆਰ ਨਾਲ ਤੁਹਾਡਾ ਦਿਲ ਭਰ ਜਾਵੇਗਾ। ਤੁਸੀ ਪਰ੍ਭੂ ਨਾਲ ਸੰਗਤ ਕਰਨ ਦੀ ਭੁੱਖ , ਪਿਆਸ ਮਹਿਸੂਸ ਕਰੋਗੇ। ਜਦੋਂ ਤੁਸੀ ਪਰਮੇਸ਼ਰ ਦੀ ਮਰਜ਼ੀ ਅਨੁਸਾਰ ਜਿੰਦਗੀ ਜੀਓਗੇ ਤਾਂ ਤੁਹਾਡੀ ਜਿੰਦਗੀ ਇਕ ਗਵਾਹੀ ਬਣ ਜਾਵੇਗੀ  ਕਿ ਤੁਸੀ ਪਰ੍ਭੂ ਦੇ ਪੈਰੋਕਾਰ ਹੋ।

ਬਹੁਤ ਸਾਰੇ ਲੋਕ ਜੋ ਕਿ ਥੱਕੇ ,ਨਿਰਾਸ਼, ਭਿਅੰਕਰ ਪਾਪਾਂ ਵਿਚ ਫਸੇ ਹੋਏ, ਨਸ਼ਿਆ , ਬੁਰੇ ਕੰਮਾ ਵਿਚ ਫਸੇ ਹੋਏ ਪਰ੍ਭੂ ਯਿਸੂ ਕੋਲ ਆਏ ਤਾਂ ਪਰ੍ਭੂ ਨੇ ਉਹਨਾ ਨੂੰ ਇਹਨਾਂ ਤੋਂ ਛੁਟਕਾਰਾ ਦਿੱਤਾ। ਹੋਰ ਵੀ ਲੋਕ ਜੋ ਕਿ ਟੁੱਟੇ ਅਤੇ ਪਛਤਾਵੇ ਵਾਲੇ ਦਿਲ ਨਾਲ ਪਰ੍ਭੂ ਕੋਲ ਆਏ ਤਾਂ ਪਰ੍ਭੂ ਨੇ ਉਹਨਾਂ ਨੂੰ ਆਪਣੀ ਅਨੋਖੀ ਸ਼ਾਤੀ ਨਾਲ ਭਰ ਦਿੱਤਾ। ਕੁਝ ਹੋਰ ਲੋਕ ਪਰ੍ਭੂ ਕੋਲ ਆਏ ਜੋ ਕਿ ਆਪਣੇ ਆਪ ਨੂੰ ਚੰਗੇ ਆਚਰਣ ਵਾਲੇ ਸਮਝਦੇ ਸਨ ਅਤੇ ਘੁਮੰਡੀ ਸਨ ਤਾਂ ਪਰ੍ਭੂ ਨੇ ਉਹਨਾਂ ਦੇ ਜੀਵਨ ਨੂੰ ਵੀ ਬਦਲ ਦਿੱਤਾ।

ਜ਼ਿਆਦਾਤਰ ਲੋਕਾਂ ਦੀ ਜਿੰਦਗੀ ਚਰਚ ਵਿੱਚ ਵਚਨ ਸੁਣ ਕੇ ਬਦਲ ਗਈ, ਤੁਸੀ ਕਿਸੇ ਵੀ ਥਾਂ ਆਪਣੀ ਜਿੰਦਗੀ ਬਦਲ ਸਕਦੇ ਹੋ। ਕਈ ਲੋਕ ਆਪਣੇ ਘਰ ਵਿੱਚ ਪਰ੍ਭੂ ਦਾ ਵਚਨ ਸੁਣ ਕੇ ਬਦਲ ਗਏ, ਕਈਆਂ ਨੇ ਜੰਗਲਾਂ ਵਿਚ ਵਚਨ ਸੁਣਿਆ ਤਾਂ ਬਦਲ ਗਏ, ਭੀੜਾਂ ਵਿਚ ਵਚਨ ਸੁਣਿਆ ਤਾਂ ਬਦਲ ਗਏ। ਅਪਰਾਧੀਆਂ ਨੇ ਜੇਲਾਂ ਵਿੱਚ ਵਚਨ ਸੁਣਿਆ ਤਾਂ ਬਦਲ ਗਏ। ਇਹ ਲੋਕ ਆਪਣੇ ਪਾਪਾਂ ਤੋ ਆਜ਼ਾਦ ਹੋ ਗਏ। ਮੁਕਦੀ ਗੱਲ ਪਰ੍ਭੂ ਇਕ ਇਮਾਨ-ਦਾਰ ਦਿਲ ਦੀ ਮੰਗ ਕਰਦਾ ਹੈ ਇਕ ਪਛਤਾਵੇ ਨਾਲ ਭਰਿਆ ਹੋਇਆ ਅਤੇ ਪਾਪ ਨੂੰ ਮੰਨਣ ਵਾਲਾ ਦਿਲ ਜੋ ਕਿ ਆਪਣੇ ਪਾਪ ਨੂੰ  ਮੰਨਣ  ਲਈ ਤਿਆਰ ਹੈ। ਜੋ ਕੋਈ ਪਰ੍ਭੂ ਯਿਸੂ ਦਾ ਨਾਮ ਲਵੇਗਾ ਉਹੀ ਬਚਾਇਆ ਜਾਵੇਗਾ (ਰਸੂਲਾਂ 2:21)

ਇਹ ਨਾ ਸੋਚੋ ਕੀ ਤੁਸੀ ਢੇਰ ਸਾਰੇ ਪਾਪ ਕੀਤੇ ਹਨ ਇਸ ਲਈ ਤੁਸੀ ਪਰ੍ਭੂ ਕੋਲ ਮੁਆਫ਼ੀ ਲਈ ਨਹੀ ਆ ਸਕਦੇ, ਤੁਸੀ ਜਿਹੋ ਜਿਹੇ ਵੀ ਹੋਵੋ  ਯਿਸੂ ਮਸੀਹ ਤੁਹਾਨੂੰ ਮੁਆਫ਼ੀ ਦੇਣ ਲਈ ਤਿਆਰ ਹੈ ਅਤੇ ਤੁਹਾਨੂੰ ਮੁਆਫ਼ ਕਰਨਾ ਚਾਹੁੰਦਾ ਹੈ। ਪਰ੍ਭੂ ਨੇ ਕਿਹਾ ਕਿ ਜੋ  ਕੋਈ ਤਿਆਈਆ ਹੋਵੇ ਉਹ ਆਵੇ,  ਜਿਹੜਾ ਚਾਹਵੇ ਮੁਫ਼ਤ ਅੰਮਿਰ੍ਤ ਜਲ ਪੀ ਲਵੇ। (ਪਰ੍ਕਾਸ਼ ਦੀ ਪੋਥੀ 22:17 ) ਸ਼ਬਦ 'ਕੋਈ ਵੀ' ਦੀ ਥਾਂ ਤੁਸੀ ਆਪਣਾ ਨਾਮ ਲਿਖ ਸਕਦੇ ਹੋ।

ਜੇ ਤੁਸੀ ਪਾਪਾਂ ਦੀ ਮੁਆਫ਼ੀ ਚਾਹੁੰਦੇ ਹੋ ਤਾਂ ਪਰ੍ਭੂ ਤੁਹਾਡੇ ਤੋਂ ਆਪਣਾ ਮੂੰਹ ਕਦੇ ਨਹੀ ਮੋੜੇਗਾ। ਪਰ੍ਭੂ ਨੇ ਕਿਹਾ ਜੋ ਕੋਈ ਮੇਰੇ ਕੋਲ ਆਉਂਦਾ ਹੈ ਮੈਂ ਉਸ ਨੂੰ ਕਦੇ ਵੀ ਦੂਰ ਨਹੀ ਕਰਾਂਗਾ। ਤੁਸੀ ਟੁੱਟੇ ਅਤੇ ਇਮਾਨਦਾਰ ਦਿਲ ਨਾਲ ਇਹ ਪਰ੍ਾਥਨਾ ਕਰੋ " ਪਰ੍ਭੂ ਯਿਸੂ ਮੈਂ ਪਾਪੀ ਹਾਂ ,ਮੇਰੇ ਉਤੇ ਦਯਾ ਕਰੋ, ਮੈਂ ਆਪਣੇ ਸਾਰੇ ਪਾਪਾਂ ਨੂੰ ਮੰਨਦਾ ਹਾਂ ,ਆਪਣੇ ਲਹੂ ਨਾਲ ਮੈਨੂੰ